ਸ਼ੈਲਟਰਡ ਹਾਊਸਿੰਗ ਬਦਲ ਗਈ ਹੈ

ਨੌਂ ਅਹਿਮ
ਪ੍ਰਸ਼ਨ
ਅਤੇ ਉੱਤਰ

# Punjabi
## 9 key Questions

## ਨੌਂ ਅਹਿਮ ਪ੍ਰਸ਼ਨ ਅਤੇ ਉੱਤਰ

ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਇੱਕ ਬਹੁਤ ਵੱਡਾ ਵਸੀਲਾ ਹੈ। ਯੂਕੇ ਵਿੱਚ ਰਿਹਾਇਸ਼ੀ ਅਤੇ ਨਰਸਿੰਗ ਸੰਭਾਲ ਦੋਹਾਂ ਵਿੱਚ ਰਹਿਣ ਵਾਲਿਆਂ ਤੋਂ ਵੱਧ ਬਿਰਧ (ਇੱਕ ਮਿਲੀਅਨ ਦੀ ਦੋ-ਤਿਹਾਈ) ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਵਿੱਚ ਰਹਿੰਦੇ ਹਨ। ਸ਼ੁਰੂ ਵਿੱਚ ਤਾਂ ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਤੰਦਰੁਸਤ ਬਿਰਧਾਂ ਲਈ ਸੀ। ਪਰੰਤੂ ਲੋਕਾਂ ਦੇ ਰੁਝਾਨ ਅਤੇ ਸਮੁਦਾਇਕ ਸੰਭਾਲ ਦੇ ਕਾਰਨ ਵਧੇਰੇ ਬਿਰਧ ਅਤੇ ਕਮਜ਼ੋਰ ਲੋਕ ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਵਿੱਚ ਨਿਵਾਸ ਕਰ ਰਹੇ ਹਨ ਜਾਂ ਨਿਵਾਸ ਕਰਨਾ ਚਾਹੁੰਦੇ ਹਨ। ਇਸ ਲਈ ਸੇਵਾ ਵਿੱਚ ਬਦਲਦੀਆਂ ਲੋੜਾਂ ਦੇ ਅਨੁਸਾਰ ਵਿਕਾਸ ਹੋਇਆ ਹੈ ਅਤੇ ਵਧੇਰੇ ਸੰਭਾਲ ਦੇਣ ਵਾਲੀਆਂ ਸ਼ੈਲਟਰਡ ਰਿਹਾਇਸ਼ਾਂ ਦਾ ਰੂਪ ਤਿਆਰ ਹੋ ਰਿਹਾ ਹੈ। ਨਿਵਾਸੀ ਹੁਣ ਵਿਸ਼ੇਸ਼ ਰੂਪ ਵਿੱਚ ਤਿਆਰ ਕੀਤੀਆਂ ਹੋਈਆਂ ਰਿਹਾਇਸ਼ਾਂ ਜਿਹੜੀਆਂ "ਜੀਵਣ ਭਰ ਲਈ ਘਰ" ਬਣਨ ਦੇ ਯੋਗ ਹਨ, ਵਿੱਚ ਸੁਤੰਤਰ ਅਤੇ ਸੰਤੋਸ਼ ਨਾਲ ਰਹਿ ਕਰ ਸਕਦੇ ਹਨ। ਛੇ* ਦੀ ਲੜੀ ਵਿੱਚੋਂ ਇੱਕ, ਇਸ ਲੀਫ਼ਲੈੱਟ ਨੂੰ ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਪ੍ਰਦਾਨ ਕਰਤਾਵਾਂ ਦੇ ਸੰਘ ਨੇ ਤਿਆਰ ਕੀਤਾ ਹੈ।

ਇਨ੍ਹਾਂ ਲਈ 01249 654 249 'ਤੇ ਟੈਲੀਫ਼ੋਨ ਕਰੋ:
- ਵਧੇਰੇ ਲੀਫ਼ਲੈੱਟ
- ਸੰਘ ਦੇ ਬਾਰੇ ਵਧੇਰੇ ਜਾਣਕਾਰੀ

ਜਾਂ ਵਧੇਰੇ ਜਾਣਕਾਰੀ www.shelteredhousing.org ਤੋਂ ਪ੍ਰਾਪਤ ਕਰੋ

* ਛੇ ਲੀਫ਼ਲੈੱਟ ਇਨ੍ਹਾਂ ਲਈ ਉਪਲਬਧ ਹਨ:
- ਹਸਪਤਾਲ ਅਤੇ ਪ੍ਰਾਇਮਰੀ ਸੰਭਾਲ ਸਟਾਫ਼
- ਸਮਾਜਿਕ ਸੇਵਾਵਾਂ
- ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਪ੍ਰਦਾਨ ਕਰਤਾ
- ਆਮ ਪੁੱਛਗਿੱਛ, ਬਿਰਧ ਲੋਕ, ਮਿੱਤਰ ਅਤੇ ਰਿਸ਼ਤੇਦਾਰ - 9 ਅਹਿਮ ਪ੍ਰਸ਼ਨ ਅਤੇ ਉੱਤਰ: ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਦੇ ਬਾਰੇ ਵੱਖ ਵੱਖ ਭਾਸ਼ਾਵਾਂ ਵਿੱਚ ਲੀਫ਼ਲੈੱਟ
- ਘਰ-ਸੰਬੰਧਿਤ ਦੇਖਭਾਲ - ਸ਼ੈਲਟਰਡ ਅਤੇ ਰਿਟਾਇਰਮੈਂਟ ਹਾਊਸਿੰਗ ਦੇ ਅਮਲੇ ਲਈ ਚੰਗੇ ਵਿਹਾਰ ਦੀ ਗਾਈਡ
- ਲੋਕਾਂ ਦੀ ਸਹਾਇਤਾ ਕਰਨਾ - ਸ਼ੈਲਟਰਡ ਹਾਊਸਿੰਗ ਦੇ ਅਮਲੇ ਲਈ ਗਾਈਡ ਅਤੇ ਜਾਂਚ-ਸੂਚੀ



ERoSH
Speaking up for Sheltered Housing
Registered Charity No 1098060

ਪ੍ਰ1 ਸ਼ੈਲਟਰਡ ਹਾਊਸਿੰਗ (sheltered housing) ਕੀ ਹੈ?

ਇਹ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਰਿਹਾਇਸ਼ੀ ਥਾਂ ਹੈ ਜੋ ਮੁੱਖ ਕਰਕੇ ਬਿਰਧਾਂ ਦੁਆਰਾ ਕਿਰਾਏ 'ਤੇ ਲੈਣ ਜਾਂ ਖ਼ਰੀਦੇ ਜਾਣ ਲਈ ਉਪਲਬਧ ਹਨ। ਇਨ੍ਹਾਂ ਨੂੰ ਅਨੇਕ ਵਾਰ ਰਿਟਾਇਰਮੈਂਟ (retirement) ਹਾਊਸਿੰਗ ਵੀ ਆਖਦੇ ਹਨ। ਕੁਝ ਕੁ ਸ਼ੈਲਟਰਡ ਹਾਊਸਿੰਗ ਨੂੰ "ਵਾਧੂ ਸੰਭਾਲ ਸ਼ੈਲਟਰਡ ਹਾਊਸਿੰਗ" / "ਬਹੁਤ ਸ਼ੈਲਟਰਡ ਹਾਊਸਿੰਗ" / "ਸਹਾਇਤਾ ਪ੍ਰਾਪਤ ਰਹਿਣਾ" ਵੀ ਆਖਦੇ ਹਨ। ਇਹ ਸਾਈਟ 'ਤੇ ਹੀ ਰਹਿਣ ਵਾਲੀ ਸੰਭਾਲ ਟੀਮ ਦੁਆਰਾ ਦੇਖਭਾਲ ਅਤੇ ਮਦਦ ਮੁਹੱਈਆ ਕਰਦੀਆਂ ਹਨ।

ਪ੍ਰ2 ਇਹ ਕੀ ਮੁਹੱਈਆ ਕਰਦੀ ਹੈ?

ਸ਼ੈਲਟਰਡ ਹਾਊਸਿੰਗ ਦੀਆਂ ਸਕੀਮਾਂ ਵਿੱਚ ਬਹੁਤ ਵਿਵਿਧਤਾ ਹੈ। ਪਰੰਤੂ ਇਹ ਸਧਾਰਨ ਤੌਰ ਤੇ ਹੇਠ ਦੱਸੀਆਂ ਸਹੂਲਤਾਂ ਵਿੱਚੋਂ ਅਨੇਕ ਨੂੰ ਮੁਹੱਈਆ ਕਰਦੀਆਂ ਹਨ:

- ਆਪਣੇ ਬਾਥਰੂਮ ਅਤੇ ਫ਼ਿੱਟ ਕੀਤੇ ਹੋਏ ਕਿਚਨ ਦੇ ਨਾਲ ਆਪਣੇ ਆਪ ਵਿੱਚ ਪੂਰੇ ਫ਼ਲੈਟ
- ਸਮੁਦਾਇਕ ਸਹੂਲਤਾਂ ਜਿਵੇਂ ਕਿ:
    - ਲਾਂਡਰੀ
    - ਸਮੁਦਾਇਕ ਬੈਠਕ, ਅਨੇਕ ਤਰ੍ਹਾਂ ਦੀਆਂ ਸਮਾਜਿਕ ਸਰਗਰਮੀਆਂ ਲਈ
    - ਬਾਗ਼-ਬਗ਼ੀਚੀਆਂ
    - ਮਹਿਮਾਨ ਲਈ ਕਰਮਾ
- ਸੁਰੱਖਿਆ ਅਤੇ ਰੱਖਿਆ ਦੀਆਂ ਵਿਸ਼ੇਸ਼ਤਾਵਾਂ
- ਇੱਕ ਵਾਰਡਨ /ਸਕੀਮ ਮਨੇਜਰ (ਕਈ ਵਾਰ ਸਕੀਮ ਵਿੱਚ ਹੀ ਰਹਿਣ ਵਾਲਾ)
- ਹਰੇਕ ਫ਼ਲੈਟ ਇੱਕ ਕਾਲ-ਸੈਂਟਰ ਨਾਲ ਕਨੈੱਕਟ ਹੋਣ ਕਰਕੇ 24-ਘੰਟੇ ਦੀ ਸੰਕਟਕਾਲੀ ਸਹਾਇਤਾ।

ਅਨੇਕ ਸ਼ੈਲਟਰਡ ਹਾਊਸਿੰਗ ਪ੍ਰਦਾਨ ਕਰਤਾ 'ਜੀਵਣ ਭਰ ਲਈ ਘਰ' ਮੁਹੱਈਆ ਕਰਦੇ ਹਨ - ਉਨ੍ਹਾਂ ਤੋਂ ਜਾਣਕਾਰੀ ਪ੍ਰਾਪਤ ਕਰੋ।

ਪ੍ਰ3 ਸਕੀਮ ਮਨੇਜਰ ਕੀ ਕਰਦਾ ਹੈ?

ਇਸ ਵਿੱਚ ਵੀ ਸਕੀਮ ਦੀਆਂ ਵਿਸ਼ੇਸ਼ਤਾਵਾਂ ਕਰਕੇ ਅਤੇ ਨਿਵਾਸੀਆਂ ਦੀਆਂ ਲੋੜਾਂ ਵਜੋਂ ਵਿਵਿਧਤਾ ਹੈ। ਆਮ ਕਰਕੇ ਉਹ:

- ਨਵੇਂ ਆਇਆਂ ਨੂੰ ਟਿਕਣ ਵਿੱਚ ਸਹਾਇਤਾ ਦਿੰਦੇ ਹਨ ਅਤੇ ਦੱਸਦੇ ਹਨ ਕਿ ਹਰੇਕ ਚੀਜ਼ ਕਿਵੇਂ ਕੰਮ ਕਰਦੀ ਹੈ
- ਹਰੇਕ ਨਿਵਾਸੀ ਨਾਲ ਨਿਯਮਿਤ ਰੂਪ ਵਿੱਚ ਸੰਪਰਕ ਬਣਾਈ ਰੱਖਦੇ ਹਨ
- ਨਿਵਾਸੀਆਂ ਨਾਲ ਮਿਲ ਕੇ ਲੋੜਾਂ ਦਾ ਨਿਰਧਾਰਨ ਕਰਦੇ ਹਨ ਅਤੇ ਨਿਵਾਸੀਆਂ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਇੱਕਮਤ ਮਦਦਗਾਰ ਪਲਾਨ ਤਿਆਰ ਕਰਦੇ ਹਨ
- ਲੋੜਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣ ਲਈ ਨਿਵਾਸੀਆਂ ਨਾਲ ਵਿਚਾਰ-ਵਟਾਂਦਰਾ ਕਰਕੇ ਪਰਵਾਰਾਂ, ਵਿਧਾਨਿਕ, ਸਵੈ-ਇੱਛਿਤ ਅਤੇ ਨਿੱਜੀ ਏਜੰਸੀਆਂ ਨਾਲ ਤਾਲਮੇਲ ਰੱਖਦੇ ਹਨ
- ਸੰਕਟ ਦੀ ਸਿਥਿਤੀ ਨਾਲ ਨਜਿੱਠਦੇ ਹਨ
- ਸਮਾਜਿਕ ਸਰਗਰਮੀਆਂ ਨੂੰ ਹੱਲਾਸ਼ੇਰੀ ਦਿੰਦੇ ਹਨ
- ਮੁਰੰਮਤ ਅਤੇ ਦੇਖਭਾਲ ਦੇ ਕੰਮ ਦੀ ਨਿਗਰਾਨੀ ਕਰਦੇ ਹਨ ਅਤੇ ਉਨ੍ਹਾਂ ਬਾਰੇ ਰਿਪੋਰਟ ਕਰਦੇ ਹਨ
- ਸ਼ਾਪਿੰਗ, ਸਫ਼ਾਈ, ਖਾਣਾ ਬਣਾਉਣਾ, ਵਿਅਕਤੀਗਤ ਅਤੇ ਨਰਸਿੰਗ ਦੇਖਭਾਲ ਨਾਲ ਸੰਬੰਧਿਤ ਸਲਾਹ ਮਸ਼ਵਰਾ ਦਿੰਦੇ ਹਨ ਅਤੇ ਤਾਲਮੇਲ ਕਰਦੇ ਹਨ। ਭਾਵੇਂ ਉਹ ਆਪ ਸਿੱਧੇ ਤੌਰ ਤੇ ਇਨ੍ਹਾਂ ਸੇਵਾਵਾਂ ਨੂੰ ਘੱਟ ਹੀ ਪ੍ਰਦਾਨ ਕਰਦੇ ਹਨ, ਉਹ ਹਿਮਾਇਤ ਕਰਨ ਅਤੇ ਤਾਲਮੇਲ ਕਰਨ ਦਾ ਕਿਰਦਾਰ ਨਿਭਾਉਂਦੇ ਹਨ ਅਤੇ ਨਿਵਾਸੀਆਂ ਦੀ ਇਨ੍ਹਾਂ ਸਹੂਲਤਾਂ ਤਕ ਰਸਾਈ ਵਿੱਚ ਸਹਾਇਤਾ ਕਰਦੇ ਹਨ।
- ਕਿਰਾਏਦਾਰੀ ਨੂੰ ਕਾਇਮ ਰੱਖਣ ਵਿੱਚ ਨਿਵਾਸੀਆਂ ਨੂੰ ਸਹਾਇਤਾ ਅਤੇ ਮਦਦ ਮੁਹੱਈਆ ਕਰਦੇ ਹਨ ਅਤੇ ਉਨ੍ਹਾਂ ਨੂੰ ਦੂਜੀਆਂ ਸੇਵਾਵਾਂ ਦੇ ਬਾਰੇ ਗਾਈਡ ਕਰਦੇ ਹਨ।

ਪ੍ਰ4 ਸ਼ੈਲਟਰਡ ਹਾਊਸਿੰਗ ਦੇ ਪਾਤਰ ਕੌਣ ਹਨ?

- ਵੱਖ ਵੱਖ ਪ੍ਰਦਾਨ ਕਰਤਾ ਅਤੇ ਮਕਾਨ ਮਾਲਕਾਂ ਦੀਆਂ ਵੱਖ ਵੱਖ ਸ਼ਰਤਾਂ ਹੁੰਦੀਆਂ ਹਨ ਪਰੰਤੂ ਵਧੇਰਿਆਂ ਦਾ ਆਖਣਾ ਹੈ ਕਿ ਤੁਹਾਡੀ ਉਮਰ 60 ਤੋਂ ਉੱਪਰ ਹੋਣੀ ਚਾਹੀਦੀ ਹੈ। ਲੋਕ ਜਿਹੜੇ ਇਕੱਲੇ ਜਾਂ ਜੋੜਿਆਂ ਵਿੱਚ ਰਹਿੰਦੇ ਹਨ, ਇਸ ਦੇ ਪਾਤਰ ਹਨ।

- ਬਹੁਤ ਸਾਰੇ ਬਿਰਧ ਲੋਕ ਹੁਣ ਆ ਕੇ ਸ਼ੈਲਟਰਡ ਹਾਊਸਿੰਗ ਵਿੱਚ ਰਹਿੰਦੇ ਹਨ ਕਿਉਂਕਿ ਇਹ ਰਿਹਾਇਸ਼ਾਂ ਵਿਸ਼ੇਸ਼ ਕਰਕੇ ਸਿਹਤ ਦੀ ਅਸਾਨ ਦੇਖਭਾਲ, ਸੰਭਾਲ ਅਤੇ ਸਹਾਇਕ ਸੇਵਾਵਾਂ ਦੇ ਲਈ ਬਣਾਈਆਂ ਗਈਆਂ ਹਨ। ਤੁਹਾਡੇ ਰਹਿਣ ਤੋਂ ਪਹਿਲਾਂ ਆਮ ਕਰਕੇ ਤੁਹਾਡੀਆਂ ਵਿਸ਼ੇਸ਼ ਲੋੜਾਂ ਦੇ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤਾਂਕਿ ਤੁਹਾਡੇ ਆਉਣ ਤੋਂ ਪਹਿਲਾਂ ਇਹ ਸਹੂਲਤਾਂ ਉਪਲਬਧ ਹੋ ਜਾਣ।
- ਵਧੇਰੇ ਕਰਕੇ ਸ਼ੈਲਟਰਡ ਹਾਊਸਿੰਗ ਦੇ ਪ੍ਰਦਾਨ ਕਰਤਾ ਆਪ ਦੇਖਭਾਲ ਦਾ ਕੰਮ ਨਹੀਂ ਕਰਦੇ ਪਰੰਤੂ ਭਾਵੀ ਨਿਵਾਸੀਆਂ ਦੀਆਂ ਇਨ੍ਹਾਂ ਨਾਲ ਸੰਬੰਧਿਤ ਸੇਵਾਵਾਂ ਤਕ ਰਸਾਈ ਕਰਾਉਣ ਵਿੱਚ ਸਹਾਇਤਾ ਕਰ ਸਕਦੇ ਹਨ।

ਪ੍ਰ5 ਇਸ ਉੱਤੇ ਖ਼ਰਚ ਕਿੰਨਾ ਆਉਂਦਾ ਹੈ?
- ਜੇਕਰ ਤੁਸੀਂ ਕਿਰਾਏ ਉੱਤੇ ਲੈਂਦੇ ਹੋ ਤਾਂ ਤੁਹਾਨੂੰ ਹਫ਼ਤਾਵਾਰ ਕਿਰਾਇਆ ਦੇਣਾ ਪਵੇਗਾ ਅਤੇ ਸੇਵਾ ਚਾਰਜ ਅਤੇ ਸਹਾਇਤਾ ਚਾਰਜ ਵੀ ਦੇਣਾ ਪਵੇਗਾ।
- ਜੇਕਰ ਤੁਸੀਂ ਖ਼ਰੀਦ ਲੈਂਦੇ ਹੋ ਤਾਂ ਤੁਸੀਂ ਸੇਵਾ ਚਾਰਜ ਅਤੇ ਸਹਾਇਤਾ ਚਾਰਜ ਦੀ ਅਦਾਇਗੀ ਕਰੋਗੇ।
- ਕਿਰਾਏ ਉੱਤੇ ਲਈ ਗਈਆਂ ਜਾਂ ਮਾਲਕ ਦੇ ਆਪਣੇ ਰਹਿਣ ਦੀਆਂ ਸਕੀਮਾਂ ਵਿੱਚ ਸੇਵਾ ਚਾਰਜ ਵਿੱਚ ਸਫ਼ਾਈ, ਬਾਗ਼ਬਾਨੀ ਅਤੇ ਸਾਂਝੇ/ਸਮੁਦਾਇਕ ਖੇਤਰ ਦੀ ਸਜਾਵਟ ਅਤੇ ਦੇਖਭਾਲ ਦਾ ਖ਼ਰਚ ਸ਼ਾਮਲ ਹੁੰਦਾ ਹੈ।
- ਤੁਸੀਂ ਕਿਰਾਏ ਵਿੱਚ ਹਾਊਸਿੰਗ ਹਿਤਲਾਭ (Housing Benefit) ਜਾਂ ਆਮਦਨੀ ਸਹਾਰਾ (Income Support) ਤੋਂ ਮਦਦ ਮਿਲਨ ਦੇ ਪਾਤਰ ਹੋ ਸਕਦੇ ਹੋ ਅਤੇ ਤੁਹਾਨੂੰ ਮੰਗ ਕਰਨ 'ਤੇ ਇਨ੍ਹਾਂ ਦੇ ਬਾਰੇ ਮਸ਼ਵਰਾ ਦਿੱਤਾ ਜਾਵੇਗਾ। ਤੁਹਾਨੂੰ ਸਥਾਨਿਕ ਸਹਾਇਕ ਲੋਕ (Supporting People) ਟੀਮ ਵੱਲੋਂ ਵੀ ਸੇਵਾ ਚਾਰਜ ਦੀ ਅਦਾਇਗੀ ਵਿੱਚ ਸਹਾਇਤਾ ਮਿਲ ਸਕਦੀ ਹੈ। ਸਕੀਮ ਮਨੇਜਰ ਤੁਹਾਨੂੰ ਇਸ ਬਾਰੇ ਮਸ਼ਵਰਾ ਦੇ ਸਕੇਗਾ।

ਪ੍ਰ6 ਸ਼ੈਲਟਰਡ/ਰਿਟਾਇਰਮੈਂਟ ਹਾਊਸਿੰਗ ਵਿੱਚ ਰਹਿਣ ਦੇ ਕੀ ਲਾਭ ਹਨ?
- ਚੰਗੀ ਕੁਆਲਿਟੀ ਦੀ ਰਿਹਾਇਸ਼
- ਜਿੱਥੇ ਵੀ ਸੰਭਵ ਹੋਵੇ, ਜੀਵਣ ਭਰ ਲਈ ਇੱਕ ਘਰ
- ਤੁਹਾਡਾ ਆਪਣਾ ਸਾਮ੍ਹਣੇ ਦਾ ਦਰਵਾਜ਼ਾ
- ਸੁਤੰਤਰਤਾ
- ਮਨ ਦੀ ਸ਼ਾਂਤੀ, ਸੰਕਟ ਵੇਲੇ ਸਕੀਮ ਮਨੇਜਰ ਜਾਂ ਕੇਂਦਰੀ ਕੰਟ੍ਰੋਲ ਵੱਲੋਂ ਮਿਲੀ ਸਹਾਇਤਾ ਵਜੋਂ
- ਸੁਰੱਖਿਆ
- ਜਦੋਂ ਲੋੜ ਪਵੇ, ਸਹਾਇਤਾ
- ਸੰਗ, ਜਦੋਂ ਚਾਹੋ
- ਸਮੁਦਾਇ ਦਾ ਭਾਗ ਬਣੇ ਰਹਿਣਾ
- ਮਨ-ਪਸੰਦ ਦਾ ਮਕਾਨ ਮਾਲਕ/ਸੇਵਾ ਪ੍ਰਦਾਨ ਕਰਤਾ।

ਪ੍ਰ7 ਮੈਨੂੰ ਸ਼ੈਲਟਰਡ ਹਾਊਸਿੰਗ ਸਕੀਮ ਵਿੱਚ ਕੀ ਵੇਖਣਾ ਚਾਹੀਦਾ ਹੈ?
ਤੁਸੀਂ ਕੀ ਚਾਹੁੰਦੇ ਹੋ, ਇਸ ਬਾਰੇ ਸਪਸ਼ਟ ਰਹੋ ਅਤੇ ਇਹ ਫ਼ੈਸਲਾ ਕਰੋ ਕਿ ਹੇਠਾਂ ਦਿੱਤੀਆਂ ਵਿੱਚੋਂ ਕਿਹੜੀਆਂ ਚੀਜ਼ਾਂ ਤੁਹਾਡੇ ਲਈ ਅਹਿਮ ਹਨ:
- ਸਥਾਨ – ਦੁਕਾਨਾਂ, ਟ੍ਰਾਂਸਪੋਰਟ ਅਤੇ ਇਲਾਜ ਦੀ ਸਹੂਲਤ ਤੱਕ ਰਸਾਈ ਵਿੱਚ ਅਸਾਨੀ
- ਡਿਜ਼ਾਈਨ - ਵਿਸ਼ੇਸ਼ ਲੋੜਾਂ (ਪਹੀਏਦਾਰ ਕੁਰਸੀ, ਵੇਖਣ ਵਿੱਚ ਮੁਸ਼ਕਲ, ਵਗ਼ੈਰਾ) ਦੇ ਲਈ ਢੁਕਵਾਂ
- ਸਮੁਦਾਇਕ ਸਹੂਲਤਾ (ਕੀ ਉਹੀ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ?)
- ਫ਼ਲੈਟ ਦਾ ਸਾਈਜ਼ ਅਤੇ ਡਿਜ਼ਾਈਨ (ਕੀ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੇ ਹਨ?)
- ਮਾਹੌਲ
- ਲੋੜ ਪੈਣ 'ਤੇ ਉਪਲਬਧ ਸਹਾਇਤਾ
- ਸਕੀਮ ਮਨੇਜਰ (ਕੀ ਉਹ ਆਦਰ-ਸਤਿਕਾਰ ਕਰਦੇ ਹਨ, ਜਾਣਕਾਰ ਹਨ?)
- ਲਾਗਤ
- ਦੂਜੇ ਨਿਵਾਸੀ (ਏਥੇ ਰਹਿਣ ਬਾਰੇ ਉਹ ਕੀ ਆਖਦੇ ਹਨ?)
- ਕੀ ਸੇਵਾਵਾਂ ਅਤੇ ਸਥਿਤੀ ਤੁਹਾਡੀ ਸੱਭਿਆਚਾਰਿਕ, ਭਾਸ਼ਾਈ ਅਤੇ ਧਾਰਮਿਕ ਲੋੜਾਂ ਨੂੰ ਪੂਰਾ ਕਰਦੀਆਂ ਹਨ?





ਪ੍ਰ8 ਕਿਸ ਪ੍ਰਕਾਰ ਦੀ ਸਹਾਇਤਾ ਉਪਲਬਧ ਹੈ ਅਤੇ ਇਹ ਕਿਸ ਤਰ੍ਹਾਂ ਦੀਆਂ ਹੋਣ, ਇਸ ਬਾਰੇ ਫ਼ੈਸਲਾ ਕਰਨ ਵਿੱਚ ਮੇਰੇ ਆਖੇ ਦਾ ਕਿੰਨਾ ਪ੍ਰਭਾਵ ਪਵੇਗਾ?

- ਸਹਾਇਤਾ ਦੀ ਪੱਧਰ ਅਤੇ ਕਿਸ ਪ੍ਰਕਾਰ ਦੀ ਸੇਵਾ ਹੈ, ਇਹ ਤੁਹਾਡੀਆਂ ਲੋੜਾਂ, ਸਕੀਮ ਅਤੇ ਸਥਾਨਿਕ ਖੇਤਰ ਦੇ ਅਨੁਸਾਰ ਬਦਲ ਸਕਦੀਆਂ ਹਨ, ਅਤੇ ਤੁਹਾਨੂੰ ਸਕੀਮ ਮਨੇਜਰ ਨਾਲ ਗੱਲਬਾਤ ਕਰਕੇ ਪਤਾ ਲਗਾਉਣਾ ਚਾਹੀਦਾ ਹੈ ਕਿ ਸੱਚਮੁੱਚ ਕਿਹੜੀ ਸਹਾਇਤਾ ਦਿੱਤੀ ਜਾ ਸਕਦੀ ਹੈ।
- ਸੇਵਾ ਦੀ ਕੁਆਲਿਟੀ, ਖ਼ਰਚ ਕੀਤੇ ਪੈਸੇ ਦੀ ਉਪਯੋਗਤਾ ਅਤੇ ਇਹ ਕਿ ਸੇਵਾ ਕਿਵੇਂ ਪ੍ਰਦਾਨ ਕੀਤੀ ਜਾਂਦੀ ਹੈ ਦੇ ਸੰਬੰਧ ਵਿੱਚ ਪਤਾ ਲਗਾਉਣ ਲਈ ਮਕਾਨ ਮਾਲਕ, ਸਹਾਇਤਾ ਪ੍ਰਦਾਨ ਕਰਤਾ ਅਤੇ ਸਥਾਨਿਕ ਸਹਾਇਤਾ ਲੋਕਾਂ ਦੀ ਟੀਮ ਸਮੇ ਸਮੇ 'ਤੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।
- ਇਹ ਤੁਹਾਡਾ ਅਧਿਕਾਰ ਹੈ ਕਿ ਤੁਹਾਡੇ ਦੁਆਰਾ ਪ੍ਰਾਪਤ ਹੋਣ ਵਾਲੀ ਸੇਵਾ ਦੇ ਬਾਰੇ ਤੁਹਾਡੇ ਨਾਲ ਮਸ਼ਵਰਾ ਕੀਤਾ ਜਾਵੇ।
- ਜੋ ਅੰਗਰੇਜੀ ਨਹੀਂ ਬੋਲ ਸਕਦੇ, ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਾਸ਼ਾਈ ਸਹਾਇਤਾ ਉਪਲਬਧ ਹੈ।
- ਵਾਧੂ ਸੰਭਾਲ ਸ਼ੈਲਟਰਡ ਸਕੀਮਾਂ ਜਿੱਥੇ ਸਮਝੌਤੇ ਦੇ ਅਨੁਸਾਰ ਘੱਟੋ-ਘੱਟ ਦਿਨ ਦਾ ਇੱਕ ਖਾਣਾ ਮੁਹੱਈਆ ਕਰਦੀਆਂ ਹਨ, ਵਿੱਚ ਖਾਣੇ ਦੇ ਸੱਭਿਆਚਾਰਿਕ ਰੂਪ ਵਿੱਚ ਉਚਿਤ ਹੋਣ ਨੂੰ ਯਕੀਨੀ ਬਣਾਉਣ ਲਈ ਸਹਾਇਤਾ ਉਪਲਬਧ ਹੋਣੀ ਚਾਹੀਦੀ ਹੈ।

ਪ੍ਰ9 ਮੈਂ ਸ਼ੈਲਟਰਡ/ਰਿਟਾਇਰਮੈਂਟ ਹਾਊਸਿੰਗ ਦੇ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?
ਆਪਣੀ ਸਥਾਨਿਕ ਕੌਂਸਲ ਅਤੇ ਸਥਾਨਿਕ ਮਸ਼ਵਰਾ ਏਜੰਸੀਆਂ, ਹਾਊਸਿੰਗ ਐਸੋਸੀਏਸ਼ਨਾਂ ਅਤੇ ਨਿੱਜੀ ਰਿਟਾਇਰਮੈਂਟ ਹਾਊਸਿੰਗ ਪ੍ਰਦਾਨ ਕਰਤਾਵਾਂ ਨਾਲ ਸੰਪਰਕ ਕਰੋ ਅਤੇ ਕੁਝ ਸਕੀਮਾਂ ਤੇ ਜਾ ਕੇ ਵੇਖਣ ਦੀ ਵਿਵਸਥਾ ਕਰੋ।

ਹੇਠਾਂ ਰਾਸ਼ਟਰੀ ਮਸ਼ਵਰਾ ਏਜੰਸੀਆਂ ਦੀ ਸੂਚੀ ਦਿੱਤੀ ਹੈ:

- Elderly Accommodation Counsel (EAC) ਬਿਰਧਾਂ ਲਈ ਸਾਰੇ ਯੂਕੇ ਵਿੱਚ 21,000 ਸਕੀਮਾਂ ਦੇ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।
  ਟੈਲੀਫ਼ੋਨ 020 7820 1343
  ਈ-ਮੇਲ: enquiries@e-ac.demon.co.uk
  ਵੈਬਸਾਈਟ: www.HousingCare.org

- Advice, Information and Mediation Service (AIMS) ਸ਼ੈਲਟਰਡ ਹਾਊਸਿੰਗ ਦੇ ਨਿਵਾਸੀਆਂ ਨੂੰ ਜਾਣਕਾਰੀ, ਕਨੂੰਨੀ ਮਸ਼ਵਰਾ ਅਤੇ ਝਗੜੇ ਨਿਪਟਾਉਣ ਲਈ ਸੇਵਾ ਪ੍ਰਦਾਨ ਕਰਦੀ ਹੈ।
  ਟੈਲੀਫ਼ੋਨ 0845 600 2001
  ਈ-ਮੇਲ: aims@ace.org.uk
  ਵੈਬਸਾਈਟ: www.ageconcern.org.uk/aims

- Age Concern Information Line ਬਿਰਧਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਮਿੱਤਰਾਂ ਅਤੇ ਸੰਭਾਲ ਕਰਨ ਵਾਲੇ ਪੇਸ਼ਾਵਰਾਂ ਨੂੰ ਸੇਵਾ ਪ੍ਰਦਾਨ ਕਰਦੀ ਹੈ। ਪੰਜ ਤੱਥ-ਪੱਤਰ ਪ੍ਰਾਪਤ ਕਰਨ ਲਈ 0800 00 99 66 (ਮੁਫ਼ਤ ਟੈਲੀਫ਼ੋਨ) 'ਤੇ ਸੰਪਰਕ ਕਰੋ।

- ERoSH, ਸ਼ੈਲਟਰਡ ਹਾਊਸਿੰਗ ਦਾ ਰਾਸ਼ਟਰੀ ਸੰਘ ਅਤੇ ਇਸ ਲੀਫ਼ਲੈੱਟ ਦਾ ਪ੍ਰਕਾਸ਼ਕ: ਟੈਲੀਫ਼ੋਨ 01249 654249
  ਈ-ਮੇਲ: info@shelteredhousing.org
  www.shelteredhousing.org

ਆਪਣੇ ਸਥਾਨਿਕ ਹਾਊਸਿੰਗ ਸੂਚਨਾ ਦਫ਼ਤਰ ਨਾਲ ਵੀ ਸੰਪਰਕ ਕਰੋ।

ERoSH, PO Box 2616, Chippenham, Wiltshire, SN15 1WZ
T: 01249 654249 F: 01249 654249 E: info@shelteredhousing.org W: www.shelteredhousing.org
Registered Charity No: 1098050